ਸੀਪੀਆਈ (ਐਮ) ਜ਼ਿਲ੍ਹਾ ਮੋਗਾ ਦੇ ਸਕੱਤਰੇਤ ਮੈਂਬਰਾਂ ਦੀ ਮੀਟਿੰਗ ਹੋਈ

ਧਰਮਕੋਟ • ਦਵਿੰਦਰ ਸਿੰਘ ਬਿੱਟੂ

ਅੱਜ ਸੀਪੀਆਈ (ਐਮ) ਜ਼ਿਲਾ ਮੋਗਾ ਦੇ ਸਕੱਤਰੇਤ ਮੈਂਬਰਾਂ ਦੀ ਮੀਟਿੰਗ ਦਸਮੇਸ਼ ਪਾਰਕ ਮੋਗਾ ਵਿਖੇ ਕਾਮਰੇਡ ਸਚਿਨ ਵਡੇਰਾ ਜ਼ਿਲਾ ਸਕੱਤਰ ਸੀ.ਪੀ.ਆਈ (ਐਮ) ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਕਾਮਰੇਡ ਸੁਰਜੀਤ ਸਿੰਘ ਗਗੜਾ ਸੂਬਾ ਕਮੇਟੀ ਮੈਂਬਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਮੀਟਿੰਗ ਵਿੱਚ 18 ਮਾਰਚ ਨੂੰ ਜੱਥਾ ਮਾਰਚ,24 ਤਰੀਕ ਦੀ ਰਾਮ ਲੀਲਾ ਗਰਾਊਂਡ ਦਿੱਲੀ ਹੋ ਰਹੀ ਰੈਲੀ ਅਤੇ ਮੈਂਬਰਸ਼ਿਪ ਰੀਨਿਊ ਕਰਨ ਸਬੰਧੀ ਏਜੰਡੇ ਵਿਚਾਰੇ ਗਏ। ਇਸ ਸਮੇਂ ਕਾਮਰੇਡ ਸੁਰਜੀਤ ਸਿੰਘ ਗਗੜਾ ਨੇ ਦੱਸਿਆ ਕਿ 11/3/26 ਨੂੰ ਸੁਰ ਸਿੰਘ ਵਾਲਾ ਜ਼ਿਲਾ ਤਰਨਤਾਰਨ ਤੋਂ ਸ਼ੁਰੂ ਹੋਇਆ ਜੱਥਾ ਮਾਰਚ ਮਿਤੀ 18/3/26 ਨੂੰ ਮੋਗਾ ਵਿਖੇ ਸ਼ਾਮ 4-00 ਵਜੇ ਪਹੁੰਚ

ਰਿਹਾ ਹੈ। ਇਸ ਲਈ ਜੱਥੇ ਦੇ ਸੁਆਗਤ ਲਈ ਵੱਧ ਤੋ ਵੱਧ ਸਾਥੀਆਂ ਸਮੇਤ ਪਹੁੰਚਿਆ ਜਾਵੇ। ਮਿਤੀ 24/3/26 ਰਾਮ ਲੀਲਾ ਮੈਦਾਨ ਦਿੱਲੀ ਵਿਖੇ ਪਾਰਟੀ ਵੱਲੋਂ ਕੀਤੀ ਜਾ ਰਹੀ ਰੈਲੀ ਵਿੱਚ ਵੀ ਜਿਲੇ ਨੂੰ ਲੱਗੇ ਟੀਚੇ ਅਨੁਸਾਰ ਸਾਥੀਆਂ ਨੂੰ ਲੈ ਕੇ ਦਿੱਲੀ ਪਹੁੰਚਣ ਲਈ ਕਿਹਾ ਗਿਆ। ਗਗੜਾ ਨੇ ਕਿਹਾ ਕਿ ਪਾਰਟੀ ਦੀ ਮੈਂਬਰਸ਼ਿਪ ਦਾ ਨਵੀਨੀਕਰਨ ਜਲਦੀ ਤੋਂ ਜਲਦੀ ਮੁਕੰਮਲ ਕਰ ਕੇ ਲੈਵੀ ਸੂਬਾ ਕਮੇਟੀ ਪਾਸ ਜਮਾਂ ਕਰਾਉਣ ਲਈ ਕਿਹਾ। ਇਸ ਸਮੇਂ ਹੋਰਨਾ ਤੋ ਇਲਾਵਾ ਰਾਮ ਕ੍ਰਿਸ਼ਨ ਧਰਮਕੋਟ, ਰੋਹਿਤ ਕਾਲੜਾ, ਬਲਰਾਮ ਸਿੰਘ ਠਾਕੁਰ, ਗੁਰਿਦਰ ਸਿੰਘ ਫੈਰੜ, ਜੱਗਾ ਸਿੰਘ ਬੱਡੂਵਾਲ ਅਤੇ ਗੁਰਦੇਵ ਸਿੰਘ ਬੱਡੂਵਾਲ ਆਦਿ ਹਾਜਰ ਸਨ।

ਮਾਨ ਸਰਕਾਰ ਨੇ ਕੀਤਾ ਹਰ ਵਾਅਦਾ ਪੂਰਾ : ਸਤਨਾਮ ਜਲਾਲਪੁਰ, ਹਰਜੋਤ ਲੋਟੀਆ

ਬਲਾਚੌਰ • ਸਮਰਦੀਪ ਸਿੰਘ

ਸਤਨਾਮ ਜਲਾਲਪੁਰ ਜਿਲਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਅਤੇ ਹਰਜੋਤ ਲੋਹਟੀਆ, ਪ੍ਰਧਾਨ ਮਹਿਲਾ ਵਿੰਗ, ਦੋਆਬਾ ਜੋਨ ਨੇ ਪੱਤਰਕਾਰਾਂ ਨਾਲ ਗੱਲ ਬਾਤ ਕਰਦੇ ਹੋਏ ਦੱਸਿਆ ਕਿ ਮਾਨ ਸਰਕਾਰ ਨੇ ਕੀਤੇ ਹੋਏ ਸਾਰੇ ਵਾਇਦੇ ਪੂਰੇ ਕਰ ਦਿੱਤੇ ਹਨ। ਉਹਨਾਂ ਕਿਹਾ ਕਿ ਕੇਜਰੀਵਾਲ ਦੀ ਗਰੰਟੀ ਉੱਤੇ ਪੰਜਾਬ ਦੇ ਲੋਕਾਂ ਦਾ ਪੂਰਾ ਵਿਸ਼ਵਾਸ ਹੈ ਕਿ ਅਗਰ ਆਮ ਆਦਮੀ ਪਾਰਟੀ ਕੋਈ ਵਾਇਦਾ ਕਰਦੀ ਹੈ ਤਾਂ ਉਸ ਨੂੰ ਹਰ ਹਾਲਤ ਵਿੱਚ ਪੂਰਾ ਵੀ ਕਰਦੀ ਹੈ। ਉਹਨਾਂ ਸਿਰਫ ਮਹਿਲਾਵਾਂ ਨੂੰ ਹਜ਼ਾਰ ਰੁਪਈਆ ਹੀ ਨਹੀਂ ਦਿੱਤਾ ਬਲਕਿ ਐਸ ਸੀ ਵਰਗ ਦੀਆਂ ਮਹਿਲਾਵਾਂ ਨੂੰ ਹਜਾਰ ਦੀ ਬਜਾਏ 1500 ਰੁਪਈਆ ਦੇਣ ਦਾ ਫੈਸਲਾ ਕੀਤਾ ਹੈ ਜੋ ਕਿ ਅਗਲੇ ਮਹੀਨੇ ਤੋਂ ਸ਼ੁਰੂ ਹੋ ਜਾਵੇਗਾ। ਇਸ ਵਿੱਚ ਪੰਜਾਬ ਦੀਆਂ ਲਗਭਗ 97%

ਮਹਿਲਾਵਾਂ, ਜਿਨਾਂ ਦੀ ਉਮਰ 18 ਸਾਲ ਤੋਂ ਉੱਪਰ ਹੈ ਸ਼ਾਮਿਲ ਕੀਤੀਆਂ ਜਾਣਗੀਆਂ, ਜਿਸ ਲਈ ਪੰਜਾਬ ਸਰਕਾਰ ਨੇ ਆਪਣੇ ਬਜਟ ਵਿੱਚ 9300 ਕਰੋੜ ਰੁਪਈਆ ਇਸ ਯੋਜਨਾ ਲਈ ਰੱਖਿਆ ਹੈ। ਇਸ ਘੋਸ਼ਣਾ ਤੋਂ ਬਾਅਦ ਪੰਜਾਬ ਦੀਆਂ ਮਹਿਲਾਵਾਂ ਵਿੱਚ ਬਹੁਤ ਜਿਆਦਾ ਖੁਸ਼ੀ ਦਾ ਮਾਹੌਲ ਹੈ ਅਤੇ ਉਹ ਖੁਸ਼ੀ ਨਾਲ ਜਿੱਥੇ ਲੱਡੂ ਵੰਡ ਰਹੀਆਂ ਹਨ ਉਥੇ ਹੀ ਉਨਾਂ ਵੱਲੋਂ ਗਿੱਧੇ ਪਾ ਕੇ ਖੁਸ਼ੀ ਮਨਾਈ ਜਾ ਰਹੀ ਹੈ। ਆਮ ਆਦਮੀ ਪਾਰਟੀ ਨੇ ਪਹਿਲਾਂ ਦਿੱਲੀ ਵਿੱਚ ਆਪਣੇ ਸਾਰੇ ਵਾਇਦੇ ਪੂਰੇ ਕੀਤੇ ਅਤੇ ਇਸੇ ਤਰ੍ਹਾਂ ਹੁਣ ਪੰਜਾਬ ਵਿੱਚ ਵੀ ਜਿੱਥੇ ਸਾਰੇ ਵਾਇਦੇ ਪੂਰੇ ਕੀਤੇ ਉੱਥੇ ਉਸ ਤੋਂ ਇਲਾਵਾ ਵੀ ਪੰਜਾਬ ਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕਰ ਰਹੀ ਹੈ,ਜਿਹੜੀਆਂ ਉਹਨਾਂ ਦੇ ਵਾਇਦੇ ਵਿੱਚ ਨਹੀਂ ਵੀ ਸਨ। ਇਸ ਸਮੇਂ ਉਹਨਾਂ ਨਾਲ ਮੈਡਮ ਕੁਲਵੀਰ ਕੌਰ, ਜਿਲਾ ਪ੍ਰਧਾਨ (ਇਸਤਰੀ ਵਿੰਗ) ਸ਼ਹੀਦ ਭਗਤ ਸਿੰਘ ਨਗਰ ਵੀ ਹਾਜ਼ਰ ਸਨ।

ਖਲਚੀਆਂ ਡਰੇਨ ਦੇ ਪੁਲ 'ਤੇ ਰੇਲਿੰਗ ਦੀਵਾਰ ਨਾ ਹੋਣ ਕਾਰਣ ਕਾਰ ਨਾਲ ਹਾਦਸਾ, ਜਾਨੀ ਨੁਕਸਾਨ ਤੋਂ ਬਚਾਅ

ਟਾਂਗਰਾਂ • ਸੁਰਜੀਤ ਸਿੰਘ ਖਾਲਸਾ

ਬੀਤੀ ਰਾਤ ਕਾਰ ਤੇ ਜਾ ਰਹੇ ਕਾਰ ਸਵਾਰਾਂ ਦੀ ਖਲਚੀਆਂ ਸਥਿਤ ਡਰੇਨ ਦੇ ਪੁਲ ਤੋਂ ਪਿੰਡ ਚੀਮੇ ਬਾਠ ਨੂੰ ਜਾਂਦੇ ਸਮੇ ਐਲਟੋ ਗੱਡੀ ਅਚਨਚੇਤ ਹੇਠਾਂ ਜਾ ਡਿੱਗੀ ਰੋਹੀ ਵਿਚ ਪਾਣੀ ਘੱਟ ਹੋਣ ਕਾਰਨ ਚਾਰ ਜਾਣੇ ਵਾਲ ਵਾਲ ਬਚ ਗਏ। ਲੋਕਾਂ ਨੂੰ ਪਤਾ ਲੱਗਣ ਤੇ ਕਾਰ ਸਵਾਰਾਂ ਨੂੰ ਬਾਹਰ ਕੱਢਿਆ ਗਿਆ। ਇਸ ਸਮੇਂ ਪਿੰਡ ਅਤੇ ਇਲਾਕੇ ਦੇ ਲੋਕਾਂ ਨੇ ਕਿਹਾ ਕਿ ਪੁਲ ਉੱਪਰ ਰੇਲਿੰਗ ਨਾ

ਹੋਣ ਕਾਰਨ ਇੱਥੇ ਕਈ ਵਾਰ ਹਾਦਸੇ ਹੋ ਚੁੱਕੇ ਹਨ। ਕਈ ਲੋਕਾਂ ਨੂੰ ਬਚਾਇਆ ਗਿਆ ਹੈ। ਪਰ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਇਸ ਦਾ ਪੱਕਾ ਪ੍ਰਬੰਧ ਕੀਤਾ ਜਾਵੇ। ਉਨਾਂ ਕਿਹਾ ਕਿ ਨਸੇੜੀ ਲੋਕ ਰੇਲਿੰਗ ਤੋੜ ਕੇ ਕਈ ਵਾਰੀ ਲਿਜਾ ਚੁੱਕੇ ਹਨ। ਚੰਗਾ ਮਟੀਰੀਅਲ ਲਾ ਕੇ ਪੁਲ ਖੁਲਾ ਕਰਕੇ ਮੋਟੇ ਐਗਲ ਰੇਲਿੰਗ ਲਈ ਲਾਏ ਜਾਣ ਤਾਂ ਕਿ ਇਸ ਤਰਾਂ ਦੇ ਖਤਰਨਾਕ ਹਾਦਸੇ ਹੋਣ ਦਾ ਡਰ ਸਦਾ ਲਈ ਖਤਮ ਕੀਤਾ ਜਾਵੇ । ਤਾਂ ਕਿ ਕੀਮਤੀ ਜਾਨਾ ਹਾਦਸਿਆਂ ਦੀ ਭੇਟ ਚੜਨੋ ਬਚ ਸਕਣ। ਇਸ ਸਬੰਧੀ ਮਹਿਕਮੇ ਦੇ ਅਧਿਕਾਰੀ ਤਰਲੋਚਨ ਸਿੰਘ ਨੇ ਦੱਸਿਆ ਕਿ ਕਿ ਰੇਲਿੰਗ ਦਾ ਕੰਮ ਕਰਵਾਇਆ ਸੀ।

ਪਹਿਲਾਂ ਵੀ ਕਈ ਵਾਰ ਹਾਦਸੇ ਵਾਪਰ ਚੁਕੇ ਹਨ ਪਰ ਕਿਸੇ ਨੇ ਧਿਆਨ ਨਹੀਂ ਦਿਤਾ

ਉਤਰ ਰੇਲਵੇ

ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉਤਰ ਰੇਲਵੇ, ਫਿਰੋਜਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 02.04.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 02.04.2026 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

ਟੈਂਡਰ ਨੰ.	ਕੰਮਾਂ ਦਾ ਵੇਰਵਾ	ਅੰਦਾਜ਼ਨ ਲਾਗਤ (ਰੁ.)	ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ	ਬਿਆਨਾ ਰਾਸ਼ੀ (ਰੁ.)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ
720B—ਟੀ.ਆਰ.ਡੀ.-ਫਿਰੋਜਪੁਰ-2025-26	ਫਿਰੋਜਪੁਰ/ਐਨਆਰ ਡਵੀਜਨ ਦੇ ਸਾਰੇ ਸੈਕਸ਼ਨਾਂ ਵਿਚ ਮੌਜੂਦਾ ਐਸਸੀਏਡੀਏ (SCADA) ਪ੍ਰਣਾਲੀ ਵਿਚ ਸਾਈਬਰ ਸੁਰੱਖਿਆ ਦੇ ਲਾਗੂ ਕਰਨ ਦੇ ਲਈ ਕੰਮ।	2,19,75,503.27	02.04.2026 15:00 ਵਜੇ ਤਕ	2,59,900/-	12 ਮਹੀਨੇ	02.04.2026 15:00 ਵਜੇ ਦੇ ਬਾਅਦ
		ਵੈਬਸਾਈਟ	www.ireps.gov.in			
ਕੰਮ ਦੀ ਸਮਾਨ ਨੇਚਰ (ਉਪਰੋਕਤ ਨਿਵਿਦਾ ਨੰ. 720ਬੀ-ਟੀ.ਆਰ.ਡੀ.-ਫਿਰੋਜਪੁਰ-2025-26 ਦੇ ਲਈ): "50 ਹਟ੍ਰਜ ਸਿੰਗਲ ਫੇਜ 25ਕੇਵੀ ਏਸੀ ਓਐਚਈ ਦਾ ਡਿਜਾਈਨ, ਸਪਲਾਈ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ" (ਸੰਧਰਭ: Pr.CEE/NR ਦੇ ਪੱਤਰ ਨੰਬਰ 181-ਇਲੈਕਟ/ ਟੀਆਰਡੀ/189/ ਭਾਗ ।।, ਮਿਤੀ 29.07.2021 ਦੇ ਓਐਚਈਆਈ ਕੰਮ ਦਾ ਲੜੀ ਨੰਬਰ 1.1).						
729A—ਟੀ.ਆਰ.ਡੀ.-ਫਿਰੋਜਪੁਰ-2025-26	ਫਿਰੋਜਪੁਰ ਮੰਡਲ ਵਿਚ ਬਾਕੀ ਸਾਈਡਿੰਗ ਅਤੇ ਪੈਚ ਦੇ ਬਿਜਲੀਕਰਨ ਦੇ ਲਈ ਟੀਆਰਡੀ ਦਾ ਕੰਮ।	4,84,98,765.24	02.04.2026 15:00 ਵਜੇ ਤਕ	3,92,500/-	12 ਮਹੀਨੇ	02.04.2026 15:00 ਵਜੇ ਦੇ ਬਾਅਦ
		ਵੈਬਸਾਈਟ	www.ireps.gov.in			
ਕੰਮ ਦੀ ਸਮਾਨ ਨੇਚਰ (ਉਪਰੋਕਤ ਨਿਵਿਦਾ ਨੰ. 729ਏ-ਟੀ.ਆਰ.ਡੀ.-ਫਿਰੋਜਪੁਰ-2025-26 ਦੇ ਲਈ): (i) ਯੋਗਤਾ ਮਾਨਦੰਡ ਦੇ ਲਈ ਰੇਲਵੇ ਬੋਰਡ/ ਆਰਡੀਐਸਓ ਦਿਸ਼ਾਨਿਰਦੇਸ਼ਾਂ ਦਾ ਪਾਲਨ ਕੀਤਾ ਜਾਣਾ ਚਾਹੀਦਾ। ਜਾਂ (ii) ਆਈਸੀਸੀ ਪ੍ਰੋਟੋਕਾਲ ਤੇ ਆਧਾਰਿਤ ਸੀਰੀਅਲ ਕਮਿਊਨੀਕੇਸ਼ਨ ਪੋਰਟ ਦੇ ਮਾਧਿਅਮ ਨਾਲ ਸੰਖਆਤਮਕ ਰਿਲੇ ਨੂੰ ਐਸਸੀਏਡੀਏ ਸਿਸਟਮ ਨਾਲ ਇੰਟਰਫੇਸ ਕਰਨਾ। (ਸੰਧਰਭ: ਪ੍ਰਧਾਨ ਮੁੱਖ ਬਿਜਲੀ ਇੰਜੀਨੀਅਰ/ਐਨਆਰ ਦੇ ਪੱਤਰ ਨੰਬਰ 181-ਇਲੈਕਟ/ ਟੀਆਰਡੀ/189/ ਭਾਗ ।।, ਮਿਤੀ 29.07.2021 ਦੇ ਬਿੰਦੂ ਨੰਬਰ 2.8 ਅਤੇ 2.9).						

ਨੰ.:720B ਅਤੇ 729A-ਟੀ.ਆਰ.ਡੀ./ਫਿਰੋਜਪੁਰ/ਟੀ-2025-26 ਮਿਤੀ: 11.03.2026 819/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਬੀਜੇਪੀ ਨੇ ਧਾਲੀਵਾਲ ਨੂੰ ਸੌਂਪੀ ਜ਼ਿਲ੍ਹਾ ਜਨਰਲ ਸਕੱਤਰ ਦੀ ਵੱਡੀ ਜ਼ਿੰਮੇਵਾਰੀ

ਲਹਿਰਾਗਾਗਾ • ਅਮਨ ਸਿੰਗਲਾ

ਬੀਤੇ ਦਿਨੀ ਭਾਜਪਾ ਹਾਈ ਕਮਾਂਡ ਅਤੇ ਦਾਮਨ ਬਾਜਵਾ ਜਿਲਾ ਪ੍ਰਧਾਨ ਬੀਜੇਪੀ ਸੰਗਰੂਰ 2 ਵੱਲੋਂ ਜਿਲਾ ਸੰਗਰੂਰ 2 ਦੇ ਅਹੁਦੇਦਾਰਾਂ ਦੀ ਸੂਚੀ ਜਾਰੀ ਕੀਤੀ ਗਈ। ਜਿਸ ਤਹਿਤ ਸ਼ੇਰਵਿੰਦਰ ਸਿੰਘ ਧਾਲੀਵਾਲ ਡਸਕਾ ਨੂੰ ਜਿਲਾ ਬੀਜੇਪੀ ਸੰਗਰੂਰ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ ਨੂੰ ਲੈਕੇ ਸਾਡੇ ਨਾਲ ਗੱਲਬਾਤ ਕਰਦਿਆ ਸ਼ੇਰਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪਾਰਟੀ ਵੱਲੋ ਮਿਲੀ ਇਹ ਅਹਿਮ ਜ਼ਿੰਮੇਦਾਰੀ ਨੂੰ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਧਾਲੀਵਾਲ ਨੇ ਆਪਣੀ ਇਸ ਨਿਯੁਕਤੀ ਲਈ ਸੁਨੀਲ ਜਾਖੜ ਪ੍ਰਧਾਨ ਬੀਜੇਪੀ, ਪੰਜਾਬ, ਅਸ਼ਵਨੀ ਸ਼ਰਮਾ ਕਾਰਜਕਾਰੀ ਪ੍ਰਧਾਨ ਬੀਜੇਪੀ, ਪੰਜਾਬ, ਮੰਥਰੀ ਸ੍ਰੀਨਿਵਾਸੁਲੂ ਸਗਠਨ ਮੰਤਰੀ, ਬੀਜੇਪੀ ਪੰਜਾਬ, ਦਿਆਲ ਸੋਢੀ ਜਨਰਲ ਸਕੱਤਰ ਬੀਜੇਪੀ ਪੰਜਾਬ ਅਤੇ ਦਾਮਨ ਬਾਜਵਾ ਜਿਲਾ ਪ੍ਰਧਾਨ ਬੀਜੇਪੀ ਸੰਗਰੂਰ ਅਤੇ ਸਮੁੱਚੀ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ। ਇਸ ਸਮੇਂ ਦਾਮਨ ਥਿੰਦ ਬਾਜਵਾ ਨੇ ਕਿਹਾ ਕਿ ਧਾਲੀਵਾਲ ਇੱਕ ਪਾਰਟੀ ਦੇ ਮਿਹਨਤੀ ਅਤੇ ਵਫਾਦਾਰ ਸਿਪਾਹੀ ਹਨ। ਜਿਸ ਦੇ ਚਲਦਿਆਂ

ਪਾਰਟੀ ਨੇ ਇਨ੍ਹਾਂ ਨੂੰ ਜਨਰਲ ਸਕੱਤਰ ਦੀ ਵੱਡੀ ਜਿੰਮੇਵਾਰੀ ਸੌਂਪੀ ਹੈ। ਇਸ ਮੌਕੇ ਉਨ੍ਹਾਂ ਨਾਲ ਜਤਿੰਦਰ ਸਿੰਘ ਸੰਗਤਪੁਰਾ ਪ੍ਰਧਾਨ ਬੀਜੇਪੀ ਸਰਕਲ ਉਗਰਾਹਾ, ਕਿੱਕਰ ਸਿੰਘ ਜਿਲਾ ਸਕੱਤਰ ਬੀਜੇਪੀ, ਸੁਖਚੈਨ ਸਿੰਘ ਡਸਕਾ ਸਾਬਕਾ ਸਰਕਲ ਪ੍ਰਧਾਨ ਬੀਜੇਪੀ ਧਰਮਗੜ੍ਹ, ਬਿੱਕਰ ਸਿੰਘ ਸੰਗਤਪੁਰਾ, ਮੇਲਾ ਸਿੰਘ ਡਸਕਾ ਜਿਲਾ ਕਾਰਜਕਾਰਨੀ ਮੈਂਬਰ, ਜਗਰਾਜ ਸਿੰਘ ਗਾਗਾ ਜਿਲਾ ਕਾਰਜਕਾਰਨੀ ਮੈਂਬਰ, ਕੁੰਦਨ ਲਾਲ ਰਿਕੂ ਜਿਲਾ ਕਾਰਜਕਾਰਨੀ ਮੈਂਬਰ, ਬਲਜਿੰਦਰ ਸਿੰਘ ਸੰਗਤਪੁਰਾ ਜਨਰਲ ਸਕੱਤਰ ਸਰਕਲ ਉਗਰਾਹਾ, ਜਗਪ੍ਰੀਤ ਸਿੰਘ ਗਾਗਾ, ਕਾਲਾ ਸਿੰਘ ਪੰਚ, ਮਨੋਹਰ ਸਿੰਘ ਸੰਗਤਪੁਰਾ ਸਰਕਲ ਪ੍ਰਧਾਨ ਯੂਥ ਬੀਜੇਪੀ ਉਗਰਾਹਾ ਆਦਿ ਹਾਜ਼ਰ ਸਨ।

ਬਾ ਅਦਾਲਤ ਸ੍ਰੀ ਮਨਦੀਪ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੂਜਾ, ਫਿਲੌਰ।

ਵਿਸ਼ਾ : ਮਾਲ ਰਿਕਾਰਡ ਵਿੱਚ ਨਾਮ ਦੀ ਦੁਰਸਤੀ ਕਰਨ ਸਬੰਧੀ ਦਰਖਾਸਤ ਵੱਲੋਂ ਸ੍ਰੀ ਤਰਸੇਮ ਸਿੰਘ ਪੁੱਤਰ ਦਿਲਬਾਗ ਸਿੰਘ, ਵਾਸੀ ਪਿੰਡ ਮੰਡੀ, ਰਕਬਾ ਪਿੰਡ ਮੰਡੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।

ਪਬਲਿਕ ਨੋਟਿਸ

ਨੰਬਰ 81/ਗੀਡਰ ਮਿਤੀ 11.03.2026

ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਵਿੱਚ ਸ੍ਰੀ ਤਰਸੇਮ ਸਿੰਘ ਪੁੱਤਰ ਦਿਲਬਾਗ ਸਿੰਘ, ਵਾਸੀ ਪਿੰਡ ਮੰਡੀ, ਰਕਬਾ ਪਿੰਡ ਮੰਡੀ, ਤਹਿਸੀਲ ਫਿਲੌਰ, ਜਿਲ੍ਹਾ ਜਲੰਧਰ ਨੇ ਨਿਮਨ-ਹਸਤਾਖਰ ਪਾਸ ਇੱਕ ਦਰਖਾਸਤ ਮਿਤੀ 02.03.2026 ਨੂੰ ਦਿੱਤੀ ਹੈ ਕਿ ਮਾਲ ਰਿਕਾਰਡ ਸਮਾਂਬੰਦੀ 2022-2023 ਵਿੱਚ ਵਾਰਿਆ ਰਕਬਾ ਪਿੰਡ ਮੰਡੀ ਵਿੱਚ ਮੇਰੇ ਪਿਤਾ ਦਾ ਨਾਮ ਦਲਬਾਰਾ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਦਰਜ ਹੈ,ਜਦਕਿ ਮੇਰੇ ਪਿਤਾ ਦਾ ਸਹੀ ਨਾਮ ਦਿਲਬਾਗ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਹੈ। ਇਨ੍ਹਾਂ ਨੂੰ ਸਮਾਜ ਵਿੱਚ ਦਲਬਾਰਾ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਅਤੇ ਦਿਲਬਾਗ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਦੋਵੇਂ ਨਾਮ ਇੱਕ ਹੀ ਵਿਅਕਤੀ ਦੇ ਹਨ। ਇਸ ਲਈ ਮੇਰੇ ਪਿਤਾ ਦਾ ਨਾਮ ਦਲਬਾਰਾ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਦੀ ਜਗ੍ਹਾ ਤੇ ਦਲਬਾਰਾ ਸਿੰਘ ਉਰਫ ਦਿਲਬਾਗ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਨਾਵਾਂ ਨਾਲ ਜਾਣਿਆ ਜਾਵੇ। ਇਸ ਲਈ ਜਮਾਬੰਦੀ ਵਿੱਚ ਮੇਰੇ ਪਿਤਾ ਦਾ ਨਾਮ ਦਲਬਾਰਾ ਸਿੰਘ ਉਰਫ ਦਿਲਬਾਗ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਦਰਜ ਕੀਤਾ ਜਾਵੇ।

ਇਸ ਲਈ ਇਸ ਨੋਟਿਸ ਰਾਹੀਂ ਹਰ ਆਮ ਵਾ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਜਮਾਬੰਦੀ ਪਿੰਡ ਮੰਡੀ ਵਿੱਚ ਮੇਰੇ ਪਿਤਾ ਦਾ ਨਾਮ ਦਲਬਾਰਾ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਨੂੰ ਤਬਦੀਲ ਕਰਕੇ ਦਲਬਾਰਾ ਸਿੰਘ ਉਰਫ ਦਿਲਬਾਗ ਸਿੰਘ ਪੁੱਤਰ ਗੰਗਾ ਸਿੰਘ ਪੁੱਤਰ ਨੰਦ ਸਿੰਘ ਦਰਜ ਕਰਨ ਸਬੰਧੀ ਜੇ ਕਿਸੇ ਨੂੰ ਕੋਈ ਉਜਰ ਹੋਵੇ ਤਾਂ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੇ ਦਫਤਰ ਵਿੱਚ ਦਫਤਰੀ ਸਮੇਂ ਦੌਰਾਨ ਆਪਣਾ ਲਿਖਤੀ ਇਤਰਾਜ ਗਸੀਦ ਕਰਵਾ ਸਕਦਾ ਹੈ। ਬਾਅਦ ਗੁਜਰਨੇ ਮਿਆਦ ਕੋਈ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ ਅਤੇ ਉਕਤ ਮਾਲ ਰਿਕਾਰਡ ਵਿੱਚ ਨਾਮ ਦੀ ਦੁਰਸਤੀ/ਤਬਦੀਲੀ ਮਿੰਰਿਟ ਦੇ ਆਧਾਰ ਤੇ ਕਰ ਦਿੱਤੀ ਜਾਵੇਗੀ। ਇਹ ਨੋਟਿਸ ਇਸ਼ਤਿਹਾਰ ਅੱਜ ਮਿਤੀ 03.03.2026 ਨੂੰ ਮੇਰੇ ਦਸਤਖਤਾਂ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹੀ/-ਤਹਿਸੀਲਦਾਰ, ਫਿਲੌਰ।

Classified Advertisements ਕਲਾਸੀਫਾਈਡ ਇਸ਼ਤਿਹਾਰ

Change of Name

I, Kuldeep Singh S/o Mehar Chand R/o V.P.O Chohal Distt. Hoshiarpur have changed my name to Singh Kuldeep. Singh is my Surname & Kuldeep is my Given Name.

I